ਜਾਣਕਾਰੀ ਵਿੱਚ ਸੁਧਾਰ ਕੀਤਾ ਗਿਆ: ਬੁੱਧਵਾਰ 21 ਅਪ੍ਰੈਲ 2020

**ਕਿਰਪਾ ਕਰਕੇ ਨੋਟ ਕਰੋ: ਬਹੁਤ ਤੇਜ਼ੀ ਨਾਲ ਬਦਲ ਰਹੇ ਹਾਲਾਤਾਂ ਕਾਰਨ ਇਸ ਗੱਲ ਦਾ ਖ਼ਿਆਲ ਰਹੇ ਕਿ ਕੁੱਝ ਸੁਨੇਹੇ ਬਦਲ ਸਕਦੇ ਹਨ ਅਤੇ ਉਹਨਾਂ ਨੂੰ ਬਦਲਣ ਵਿੱਚ ਅਸੀਂ ਪਹਿਲ ਦੇਵਾਂਗੇ।**

**** ਹੇਠਾਂ ਦਿੱਤੀ ਗਈ ਜਾਣਕਾਰੀ ਬੁੱਧਵਾਰ 21 ਅਪ੍ਰੈਲ 2020 ਤੱਕ ਸਹੀ ਸੀ ****

ਸਾਡੇ ਤਿੰਨ ਮੁੱਖ ਸੁਨੇਹੇ ਸਰਵਿਸ ਏਰੀਆ ਦੇ ਹਿਸਾਬ ਨਾਲ ਵੱਖੋ ਵੱਖਰੇ ਕੀਤੇ ਗਏ ਹਨ। ਕਿਰਪਾ ਕਰਕੇ ਇਸ ਗੱਲ ਦਾ ਖ਼ਿਆਲ ਰੱਖੋ ਕਿ ਹਾਲਾਤ ਬਹੁਤ ਤੇਜ਼ੀ ਨਾਲ ਬਦਲਣ ਕਾਰਨ ਦਿੱਤੀ ਗਈ ਜਾਣਕਾਰੀ ਜਲਦੀ ਹੀ ਬਦਲੀ ਜਾਂ ਸੁਧਾਰੀ ਜਾ ਸਕਦੀ ਹੈ।

<table>
<tr>
<td>ਮੁੱਖ ਸੁਨੇਹਾ ਨੰਬਰ 1</td>
<td>
ਬਰਮਿੰਘਮ ਸਿਟੀ ਕਾਊਂਸਿਲ ਆਪਣੇ ਸ਼ਹਿਰੀਆਂ ਦਾ ਖ਼ਿਆਲ ਰੱਖਦੀ ਹੈ ਅਤੇ ਉਹਨਾਂ ਦੇ ਜਨ ਜੀਵਨ ਨੂੰ ਚਾਲੂ ਰੱਖਣ ਲਈ ਜ਼ਰੂਰੀ ਸੇਵਾਵਾਂ ਦਿੰਦੀ ਹੈ।<br><br>
ਬਰਮਿੰਘਮ ਸਿਟੀ ਕਾਊਂਸਿਲ ਲੋਕਾਂ ਦੀ ਗੱਲ ਸੁਣਦੀ ਹੈ ਕਿ ਉਹਨਾਂ ਦੀਆਂ ਕੀ ਲੋੜਾਂ ਹਨ।<br><br>
ਐਮਰਜੈਂਸੀ ਕਮਿਉਨਿਟੀ ਰਿਸਪੌਂਸ ਹੱਬ: ਕਾਉਂਸਿਲ ਨੇ ਇਹ ਸੇਵਾ ਬਹੁਤ ਹੀ ਜ਼ਰੂਰਤਮੰਦ ਅਤੇ ਖ਼ਤਰੇ ਹੇਠਾਂ ਆਉਣ ਵਾਲੇ ਲੋਕਾਂ ਲਈ ਸ਼ੁਰੂ ਕੀਤੀ ਹੈ।<br>
ਇਹ ਸੇਵਾ ਉਹਨਾਂ ਲੋਕਾਂ ਨੂੰ ਪਹਿਲ ਦੇਵੇਗੀ ਜਿਹਨਾਂ ਨੂੰ ਸਖ਼ਤ ਜ਼ਰੂਰਤਾਂ ਹਨ ਅਤੇ ਜਿਹਨਾਂ ਨੂੰ ਐਨ ਐਚ ਐਸ ਇੰਗਲੈਂਡ ਵਲੋਂ ਚਿੱਠੀਆਂ ਆਈਆਂ ਹਨ ਕਿ ਉਨ੍ਹਾਂ ਨੂੰ ਪਹਿਲਾਂ ਸੇਵਾਵਾਂ ਦਿੱਤੀਆਂ ਜਾਣਗੀਆਂ, ਜਾਂ ਜਿਹੜੇ ਉਹ ਲੋਕ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਬਾਕੀਆਂ ਨਾਲੋਂ ਥੋੜੀ ਦੇਰ ਲਈ ਅਲੱਗ ਕੀਤਾ ਹੋਇਆ ਹੈ ਅਤੇ ਜਿਨ੍ਹਾਂ ਦੀ ਵਾਜਬ ਦੇਖਭਾਲ ਕਰਨ ਵਾਲਾ ਉਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਨਹੀਂ ਹੈ।<br>
ਇਸ ਸੇਵਾ ਦਾ ਸੰਬੰਧ ਇਨ੍ਹਾਂ ਗੱਲਾਂ ਨਾਲ ਹੋ ਸਕਦਾ ਹੈ:
<ul><li>ਖਾਣਪੀਣ ਦਾ ਹੰਗਾਮੀ ਸਮਾਨ ਸਪਲਾਈ ਕਰਨਾ</li><li>ਸਮਾਜੀ ਸੰਪਰਕ ਕਾਇਮ ਰੱਖਣਾ</li></ul>
ਔਨ ਲਾਈਨ ’ਤੇ ਇੱਥੇ ਲੌਗ ਕਰੋ ਜਾਂ 0121 303 1116 ਨੰਬਰ ’ਤੇ ਫ਼ੋਨ ਕਰੋ – ਇਹ ਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।<br><br>
ਪੂਰੇ ਵੇਰਵੇ ਲਈ ਇਸ ਵੈੱਬਸਾਈਟ ਉੱਤੇ ਜਾਓ:<br>
https://www.birmingham.gov.uk/info/50233/support_for_residents_during_the_coronavirus_covid-19/2130/coronavirus_-_get_emergency_help_from_the_council<br><br>
ਖਾਣੇ ਅਤੇ ਰਾਸ਼ਣ ਦੀ ਸਪਲਾਈ: ਕਾਉਂਸਿਲ ਦੀ ਬੀ ਵੀ ਐਸ ਸੀ ਦੀ ਸਾਂਝੇਦਾਰੀ ਰਾਹੀਂ ਖ਼ਤਰੇ ਵਿੱਚ ਆਏ ਲੋਕਾਂ ਵਾਸਤੇ ਕਈ ਤਰ੍ਹਾਂ ਨਾਲ ਖਾਣਾ ਪਹੁੰਚਾਇਆ ਜਾਂਦਾ ਹੈ। ਸਿਟੀ ਕਾਉਂਸਿਲ ਉਨ੍ਹਾਂ ਲੋਕਾਂ ਨੂੰ ਖਾਣਿਆਂ ਦੇ ਪਾਰਸਲ ਆਪ ਦੇ ਰਹੀ ਹੈ ਜਿਹੜੇ ਕਮਜ਼ੋਰ ਸਿਹਤ ਕਾਰਨ ਬਹੁਤ ਖ਼ਤਰੇ ਵਿੱਚ ਹਨ* ਅਤੇ ਜਿਨ੍ਹਾਂ ਨੂੰ ਕਿਸੇ ਹੋਰ ਪਾਸਿਉਂ ਕੋਈ ਮੱਦਦ ਨਹੀਂ ਮਿਲ ਰਹੀ।<br><br>
*ਇਸ ਬਾਰੇ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ:<br>
https://www.gov.uk/government/publications/guidance-on-shielding-and-protecting-extremely-vulnerable-persons-from-covid-19<br><br>
ਖ਼ਤਰੇ ਅਧੀਨ ਲੋਕਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਸਿਹਤ ਦੀਆਂ ਹੋਰ ਮੁਸ਼ਕਲਾਂ ਕਾਰਨ 12 ਹਫ਼ਤਿਆਂ ਲਈ ਘਰਾਂ ਵਿੱਚ ਰਹਿਣਾ ਪੈ ਰਿਹਾ ਹੈ, ਉਹ ਇਸ ਵੈੱਬਸਾਈਟ ਉੱਤੇ ਜਾ ਕੇ ਆਪਣੇ ਵਾਸਤੇ ਖਾਣੇ ਦੇ ਪਾਰਸਲਾਂ ਲਈ ਆਪਣਾ ਨਾਂ ਦਰਜ ਕਰਾ ਸਕਦੇ ਹਨ – www.gov.uk/coronavirus-extremely-vulnerable<br><br>
ਸਕੂਲਾਂ ਵਿੱਚ ਮੁਫ਼ਤ ਖਾਣੇ ਦੇ ਵਾਊਚਰ: ਬਰਮਿੰਘਮ ਦੇ ਸਕੂਲਾਂ ਵਿੱਚ ਮੁਫ਼ਤ ਖਾਣੇ ਦੇ ਹੱਕਦਾਰ 61,000 ਬੱਚਿਆਂ ਵਾਸਤੇ 2 ਹਫ਼ਤਿਆਂ ਵਾਸਤੇ ਦੇਣ ਲਈ ਵਾਊਚਰ ਖ਼ਰੀਦੇ ਗਏ ਸਨ। ਇਹ ਉਦੋਂ ਖ਼ਰੀਦੇ ਗਏ ਸਨ ਜਦੋਂ ਡੀ ਐਫ ਈ ਵਲੋਂ ਦੇਸ਼ ਵਿਆਪੀ ਅਜਿਹੀ ਸਕੀਮ ਦੇ ਵੇਰਵੇ ਦੀ ਉਡੀਕ ਕੀਤੀ ਜਾ ਰਹੀ ਸੀ। ਹੁਣ ਸਕੂਲ ਨੈਸ਼ਨਲ ਸਕੀਮ ਦੇ ਤਹਿਤ ਇਹ ਵਾਊਚਰ ਹਾਸਲ ਕਰ ਰਹੇ ਹਨ ਤਾਂਕਿ ਉਨ੍ਹਾਂ ਪਰਿਵਾਰਾਂ ਦੀ ਮੱਦਦ ਕੀਤੀ ਜਾ ਸਕੇ ਜਿਨ੍ਹਾਂ ਦੇ ਬੱਚੇ ਮੁਫ਼ਤ ਖਾਣੇ ਦੇ ਹੱਕਦਾਰ ਹਨ।<br><br>
ਬਾਲਗਾਂ ਦੀ ਦੇਖਭਾਲ: ਲੋਕਾਂ ਦੀ ਦੇਖਭਾਲ ਅਤੇ ਮੱਦਦ ਵਾਸਤੇ ਅਸੀਂ ਦੇਖਭਾਲ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।<br><br>
ਲੋਕਾਂ ਦੀ ਦੇਖਭਾਲ ਕਰਨ ਵਾਲੀਆਂ ਸੰਸਥਾਵਾਂ ਨੂੰ ਪੀ ਪੀ ਈ (ਨਿੱਜੀ ਬਚਾਓ ਦਾ ਸਾਮਾਨ) ਲੈਣ ਵਾਸਤੇ
</td>
</tr>
</table>

| | |
|---|---|
| **ਮੁੱਖ ਸੁਨੇਹਾ ਨੰਬਰ 1** | **ਪਹਿਲਾਂ** ਨਿਰਧਾਰਤ ਕੀਤੇ ਗਏ ਹੋਲ ਸੇਲਰਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਉਨ੍ਹਾਂ ਕੋਲੋਂ ਸਪਲਾਈ ਨਾ ਮਿਲੇ ਤਾਂ **ਨੈਸ਼ਨਲ ਸਪਲਾਈ ਡਿਸਰੱਪਸ਼ਨ ਨੂੰ 0800 915 9664 ’ਤੇ** ਸੰਪਰਕ ਕਰੋ ਜਾਂ ਇਸ ਪਤੇ ’ਤੇ ਈਮੇਲ ਕਰੋ- supplydisruptionservice@nhsbsa.nhs.uk<br><br>**ਡਾਇਰੈਕਟ ਪੇਮੈਂਟਸ:** ਜੇ ਕਿਸੇ ਦਾ ਪਰਸਨਲ ਅਸਿਸਟੈਂਟ ਬੀਮਾਰ ਹੋ ਜਾਵੇ ਤਾਂ ਉਹ ਕਿਸੇ ਹੋਰ ਅਜਿਹੇ ਇਨਸਾਨ ਨੂੰ ਇਹ ਕੰਮ ਦੇ ਸਕਦਾ ਹੈ ਜਿਹੜਾ ਉਸ ਨਾਲ ਨਾ ਰਹਿੰਦਾ ਹੋਵੇ (ਗਵਾਂਢੀ, ਦੋਸਤ/ਸਹੇਲੀ, ਜਾਂ ਕੋਈ ਰਿਸ਼ਤੇਦਾਰ ਜਿਹੜਾ ਉਸ ਨਾਲ ਨਾ ਰਹਿੰਦਾ ਹੋਵੇ)। ਪਰ ਜੇ ਤੁਹਾਨੂੰ ਬਾਹਰੋਂ ਸੇਵਾਵਾਂ ਚਾਹੀਦੀਆਂ ਹੋਣ, ਤਾਂ ਆਪਣੇ ਸੋਸ਼ਲ ਵਰਕਰ ਨਾਲ ਸੰਪਰਕ ਕਰੋ, ਜਾਂ ਕੇਅਰਲਾਈਨ ਨੂੰ **0121 303 1234** ਉੱਤੇ ਫ਼ੋਨ ਕਰੋ।<br><br>**ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ:**<br>https://www.birmingham.gov.uk/info/50231/coronavirus_covid-19/2088/adult_social_care_updates<br><br>**ਜੀ ਪੀ ਡਾਕਟਰਾਂ ਦੀਆਂ ਸਰਜਰੀਆਂ ਅਤੇ ਸੇਵਾਵਾਂ:** ਲੋਕਾਂ ਦਾ ਬਚਾਓ ਕਰਨ ਲਈ ਅਤੇ ਬੀਮਾਰੀ ਨੂੰ ਫੈਲਣ ਤੋਂ ਰੋਕਣ ਲਈ ਡਾਕਟਰ ਅੱਜ ਕਲ ਮਰੀਜ਼ਾਂ ਨਾਲ ਫ਼ੋਨ ਉੱਤੇ ਹੀ ਗੱਲ ਕਰਦੇ ਹਨ ਜਾਂ ਕੋਈ ਹੋਰ ਤਰੀਕਾ ਵਰਤਦੇ ਹਨ। ਉਹ ਤੁਹਾਡੀਆਂ ਜਾਰੀ ਰਹਿਣ ਵਾਲੀਆਂ ਦਵਾਈਆਂ ਦਾ ਔਨਲਾਈਨ ਔਰਡਰ ਕਰਦੇ ਹਨ ਜਾਂ ਸਰਜਰੀ ਬੌਕਸਾਂ ਵਿੱਚ ਪਾ ਦਿੰਦੇ ਹਨ। ਦਵਾਈਆਂ ਦੀਆਂ ਪਰਚੀਆਂ ਸਿੱਧੀਆਂ ਕੈਮਿਸਟਾਂ ਨੂੰ ਭੇਜੀਆਂ ਜਾਣਗੀਆਂ ਤਾਂਕਿ ਤੁਸੀਂ ਉੱਥੋਂ ਜਾਕੇ ਦਵਾਈ ਲੈ ਸਕੋਂ – ਕਈ ਕੈਮਿਸਟ ਅਲੱਗ ਰੱਖੇ ਗਏ ਲੋਕਾਂ ਨੂੰ ਦਵਾਈ ਪਹੁੰਚਾ ਵੀ ਸਕਦੇ ਹਨ।<br><br>ਜੇ ਡਾਕਟਰੀ ਮੱਦਦ ਦੀ ਲੋੜ ਹੋਵੇ ਤਾਂ ਸਿਟੀ ਕਾਉਂਸਿਲ ਹੋਰ ਏਜੰਸੀਆਂ ਨਾਲ ਮਿਲ ਕੇ ਅਲੱਗ ਕੀਤੇ ਗਏ ਲੋਕਾਂ ਨੂੰ ਦਵਾਈ ਜਾਂ ਹੋਰ ਕੋਈ ਵੀ ਜ਼ਰੂਰੀ ਚੀਜ਼ ਪਹੁੰਚਾਉਣ ਦਾ ਕੰਮ ਕਰ ਸਕਦੇ ਹਨ।<br><br>**ਕਾਰ ਪਾਰਕਾਂ:** 9 ਅਪ੍ਰੈਲ 2020 ਤੋਂ ਹੇਠਾਂ ਦੱਸੀਆਂ ਬਹੁ ਮੰਜ਼ਲੀ ਪਾਰਕਾਂ ਅਗਲਾ ਨੋਟਿਸ ਆਉਣ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ:<br>• ਡਡਲੀ ਸਟਰੀਟ (ਸਿਟੀ ਸੈਂਟਰ)<br>• ਜਿਉਲਰੀ ਕੁਆਰਟਰ (ਸਿਟੀ ਸੈਂਟਰ)<br>• ਮਾਰਕੀਟਾਂ (ਸਿਟੀ ਸੈਂਟਰ)<br>• ਮਿਲੈਨੀਅਮ ਪੁਆਇੰਟ (ਸਿਟੀ ਸੈਂਟਰ)<br>• ਪੈਰਾਡਾਈਜ਼ ਸਰਕਸ (ਸਿਟੀ ਸੈਂਟਰ)<br>• ਪਰਸ਼ੋਰ ਸਟਰੀਟ (ਸਿਟੀ ਸੈਂਟਰ)<br>• ਟਾਊਨ ਹਾਲ (ਸਿਟੀ ਸੈਂਟਰ)<br>• ਵਿਕਟੋਰੀਆ ਰੋਡ (ਸਟਨ ਕੋਲਡਫੀਲਡ)<br><br>ਕੋਵਿਡ-19 ਬੀਮਾਰੀ ਦੇ ਵਧਣ ਕਾਰਨ ਸਰਕਾਰ ਵਲੋਂ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਦੀਆਂ ਨਵੀਆਂ ਹਿਦਾਇਤਾਂ ਦੇਣ ਦੇ ਸਿੱਟੇ ਵਜੋਂ ਇਹ ਪਾਰਕਾਂ ਘੱਟ ਵਰਤੀਆਂ ਜਾਂਦੀਆਂ ਸਨ, ਜਾਂ ਖਾਲੀ ਸਨ। ਇਸ ਲਈ ਵਾਧੂ ਖਰਚਿਆਂ ਨੂੰ ਘਟਾਉਣ ਲਈ ਅਤੇ ਵਾਤਾਵਰਣ ’ਤੇ ਬੁਰਾ ਅਸਰ ਰੋਕਣ ਲਈ ਇਨ੍ਹਾਂ ਨੂੰ ਬੰਦ ਕਰਨਾ ਹੀ ਸਿਆਣਪ ਸੀ।<br><br>ਪਰ ਜਿਹੜੇ ਲੋਕ ਹਾਲੇ ਵੀ ਕੰਮਾਂ ’ਤੇ ਜਾਂਦੇ ਹਨ ਅਤੇ ਘਰੋਂ ਕੰਮ ਨਹੀਂ ਕਰ ਸਕਦੇ, ਉਨ੍ਹਾਂ ਵਾਸਤੇ ਸਨੋ ਹਿੱਲ ਕਾਰ ਪਾਰਕ, ਬਾਕੀ ਸਾਰੀਆਂ ਪੱਧਰੀਆਂ ਕਾਰ ਪਾਰਕਾਂ ਅਤੇ ਸੜਕਾਂ ਉੱਤੇ ‘ਪੇ ਐਂਡ ਡਿਸਪਲੇ’ ਬੇ ਖੁੱਲ੍ਹੇ ਰਹਿਣਗੇ।<br><br>‘ਕੀ ਵਰਕਰਾਂ’ ਦੀ ਸਹੂਲਤ ਅਤੇ ਉਨ੍ਹਾਂ ਦੀ ਹੋਰ ਮੱਦਦ ਕਰਨ ਵਾਸਤੇ ਅਸੀਂ ‘ਪੇ ਐਂਡ ਡਿਸਪਲੇ’ ਫੀਸਾਂ ਮੁਆਫ਼ ਕਰ ਦਿੱਤੀਆਂ ਹਨ।<br><br>ਪਰ ਸਿਵਿਲ ਐਨਫੋਰਸਮੈਂਟ ਔਫ਼ੀਸਰ ਹਾਲੇ ਵੀ ਡਿਊਟੀ ਤੇ ਹੋਣਗੇ ਅਤੇ ਉਹ ਜ਼ਿਆਦਾ ਧਿਆਨ ਖ਼ਤਰਨਾਕ ਪਾਰਕਿੰਗ ਵੱਲ ਦੇਣਗੇ ਅਤੇ ਯਕੀਨੀ ਬਣਾਉਣਗੇ ਕਿ ਜ਼ਰੂਰੀ ਸਮਾਨ ਦੀ ਸਪਲਾਈ ਦੀਆਂ ਅਤੇ ਹੰਗਾਮੀ ਸਹਾਇਤਾ ਕਰਨ ਵਾਲੀਆਂ ਗੱਡੀਆਂ ਚੱਲਦੀਆਂ ਰਹਿਣ। ਜਿੱਥੇ ਵੀ ਲੋੜ ਹੋਵੇ, ਇਹ ਅਫ਼ਸਰ ਬੀਮਾਰ ਲੋਕਾਂ ਦੀ ਸਹਾਇਤਾ ਕਰਨ ਵਾਲੇ ‘ਕੀ ਵਰਕਰਾਂ’ ਦੀ ਮੱਦਦ ਕਰਨ ਦੀ ਕੋਸ਼ਿਸ਼ ਕਰਨਗੇ।<br><br>ਇਹ ਸਾਰੇ ਪ੍ਰਬੰਧਾਂ ਦੀ ਨਜ਼ਰਸਾਨੀ ਅਸੀਂ ਕਰਦੇ ਰਹਾਂਗੇ ਅਤੇ ਇਨ੍ਹਾਂ ਵਿੱਚ ਲੋੜ ਪੈਣ ’ਤੇ ਥੋੜ੍ਹੇ ਸਮੇਂ ਦਾ ਨੋਟਿਸ ਦੇਕੇ ਤਬਦੀਲੀਆਂ ਵੀ ਕਰ ਸਕਦੇ ਹਾਂ, ਜਿਨ੍ਹਾਂ ਵਿੱਚ ਮੁੜ ਕੇ ਆਮ ਵਾਲੇ ਪ੍ਰਬੰਧ ਵੀ ਸ਼ਾਮਲ ਹੋ ਸਕਦੇ ਹਨ। |

| | |
|---|---|
| **ਮੁੱਖ ਸੁਨੇਹਾ ਨੰਬਰ 2** | **ਸਰਕਾਰੀ ਹਿਦਾਇਤਾਂ, ਜਿਵੇਂ ਕਿ ਹੱਥ ਧੋਣਾ, ਕੋਵਿਡ-19 ਦੇ ਲੱਛਣ, ਇੱਕ ਦੂਸਰੇ ਤੋਂ ਦੂਰੀ, ਘਰ ਰਹਿਣਾ ਆਦਿਕ।**<br><br>**ਘਰ ਰਹਿਣਾ:** ਕੇਵਲ ਖਾਣਪੀਣ ਦਾ ਸਾਮਾਨ ਲੈਣ, ਸਿਹਤ ਕਾਰਨ (ਦਵਾਈਆਂ/ਕਸਰਤ) ਜਾਂ ਕੰਮ ਕਰਨ ਲਈ ਬਾਹਰ ਜਾਓ (ਪਰ ਕੇਵਲ ਉਦੋਂ, ਜਦੋਂ ਤੁਸੀਂ ਘਰੋਂ ਕੰਮ ਨਾ ਕਰ ਸਕੋਂ)।<br>ਜੇ ਤੁਸੀਂ ਬਾਹਰ ਜਾਂਦੇ ਹੋ ਤਾਂ:<br>• ਹਮੇਸ਼ਾਂ ਦੂਸਰੇ ਲੋਕਾਂ ਤੋਂ 2 ਮੀਟਰ (6 ਫ਼ੁੱਟ) ਦੂਰ ਰਹੋ<br>• ਘਰ ਆਕੇ ਜਿੰਨੀ ਜਲਦੀ ਹੋ ਸਕੇ ਆਪਣੇ ਹੱਥ ਧੋਵੋ<br>• ਕਿਸੇ ਨੂੰ ਵੀ ਨਾ ਮਿਲੋ, ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਵੀ ਨਹੀਂ (ਜਿਹੜੇ ਅਲੱਗ ਰਹਿੰਦੇ ਹਨ)<br><br>**ਸਫ਼ਾਈ:** ਜਦੋਂ ਤੁਸੀਂ ਬਾਹਰੋਂ ਆਓ ਤਾਂ ਖਾਣ ਵਾਲੀ ਕਿਸੇ ਵੀ ਚੀਜ਼ ਨੂੰ ਹੱਥ ਲਾਉਣ ਤੋਂ ਪਹਿਲਾਂ ਆਪਣੇ ਹੱਥ ਧੋਵੋ (20 ਸਕਿੰਟਾਂ ਲਈ ਚੰਗੀ ਤਰ੍ਹਾਂ ਮਲ ਕੇ); ਸਤਹਾਂ ਨੂੰ ਸਾਫ਼ ਕਰੋ: ਆਪਣੇ ਚਿਹਰੇ ਨੂੰ ਹੱਥ ਨਾ ਲਾਓ।<br><br>**ਮੁੱਖ ਲੱਛਣ:** ਤੇਜ਼ ਬੁਖ਼ਾਰ (ਛਾਤੀ ਅਤੇ ਪਿੱਠ ਗਰਮ ਲੱਗੇ) ਜਾਂ ਨਵੀਂ ਅਤੇ ਲਗਾਤਾਰ ਖੰਘ ਆਉਣਾ। ਇੱਥੋਂ ਹੋਰ ਜਾਣਕਾਰੀ ਲਓ: www.nhs.uk/coronavirus<br><br>**ਆਪਣੇ ਆਪ ਨੂੰ ਅਲੱਗ ਰੱਖਣ ਦਾ ਸਮਾਂ: ਜੇ ਤੁਸੀਂ ਇਕੱਲੇ ਰਹਿੰਦੇ ਹੋ** ਅਤੇ ਇਹ ਲੱਛਣ ਮਹਿਸੂਸ ਹੋਣ, **ਤਾਂ ਘਰ ਵਿੱਚ ਰਹੋ** ਅਤੇ **7 ਦਿਨਾਂ** ਲਈ ਕਿਸੇ ਨੂੰ ਨਾ ਮਿਲੋ।<br><br>**ਜੇ ਤੁਹਾਡੇ ਨਾਲ ਹੋਰ ਵੀ ਲੋਕ ਰਹਿੰਦੇ ਹਨ** ਅਤੇ ਤੁਹਾਨੂੰ ਇਹ ਲੱਛਣ ਮਹਿਸੂਸ ਹੁੰਦੇ ਹਨ ਤਾਂ ਸਾਰੇ ਲੋਕਾਂ ਨੂੰ **14 ਦਿਨਾਂ** ਲਈ **ਘਰ ਰਹਿਣਾ ਚਾਹੀਦਾ ਹੈ** ਅਤੇ ਕਿਸੇ ਹੋਰ ਨੂੰ ਮਿਲਣਾ ਨਹੀਂ ਚਾਹੀਦਾ।<br><br>**ਜੇ ਤੁਸੀਂ ਇਕੱਲੇ ਹੀ ਰਹਿੰਦੇ ਹੋ ਅਤੇ 7 ਦਿਨਾਂ ਬਾਅਦ ਤੁਹਾਡੀ ਸਿਹਤ ਮਾੜੀ ਰਹਿੰਦੀ ਹੈ ਜਾਂ ਹੋਰ ਖ਼ਰਾਬ ਹੋ ਜਾਂਦੀ ਹੈ, ਤਾਂ ਐਨ ਐਚ ਐਸ 111 ਤੋਂ ਔਨਲਾਈਨ ਸਲਾਹ ਲਵੋ:** https://111.nhs.uk/covid-19<br><br>**ਤੁਹਾਨੂੰ ਆਪਣੇ ਡਾਕਟਰ, ਸਰਜਰੀ, ਫਾਰਮੇਸੀ ਜਾਂ ਹਸਪਤਾਲ ਨਹੀਂ ਜਾਣਾ ਚਾਹੀਦਾ, ਕਿਉਂਕਿ ਤੁਹਾਥੋਂ ਬੀਮਾਰੀ ਦੂਸਰੇ ਲੋਕਾਂ ਨੂੰ ਲੱਗ ਸਕਦੀ ਹੈ।**<br><br>**ਕੋਰੋਨਾਵਾਇਰਸ ਬਾਰੇ ਤਾਜ਼ੀ ਜਾਣਕਾਰੀ ਅਤੇ ਸਲਾਹ ਲਈ ਇੱਥੇ ਜਾਓ:** www.gov.uk/coronavirus |
| **ਮੁੱਖ ਸੁਨੇਹਾ ਨੰਬਰ 3** | **ਬਰਮਿੰਘਮ ਸਿਟੀ ਕਾਉਂਸਿਲ ਸੇਵਾਵਾਂ ਵਿੱਚ ਤਬਦੀਲੀਆਂ, ਜਿਵੇਂ ਕਿ ਸਕੂਲ, ਕੂੜਾ ਚੁੱਕਣ, ਸਲਾਹ ਵਗੈਰਾ**<br>**ਬਿੱਨ, ਕੂੜਾ ਅਤੇ ਰੀਸਾਈਕਲ:** ਜਿੱਥੋਂ ਤੱਕ ਹੋ ਸਕੇ, ਕੂੜਾ ਚੁੱਕਣਾ ਅਤੇ ਰੀਸਾਈਕਲਿੰਗ ਪਹਿਲਾਂ ਵਾਂਗ ਜਾਰੀ ਰਹੇਗਾ। ਪਰ ਗਾਰਡਨ ਦੇ ਕੂੜੇ ਅਤੇ ਭਾਰੇ ਸਮਾਨ ਚੁਕਾਉਣ ਲਈ ਬੁਕਿੰਗ ਹਾਲ ਦੀ ਘੜੀ ਬੰਦ ਕਰ ਦਿੱਤੀ ਗਈ ਹੈ। ਸਾਰੇ 5 ਰੀਸਾਈਕਲਿੰਗ ਸੈਂਟਰ (ਟਿੱਪ) ਅਗਲੇ ਨੋਟਿਸ ਤੱਕ ਬੰਦ ਕਰ ਦਿੱਤੇ ਗਏ ਹਨ।<br><br>ਜੇ ਗਾਰਡਨ ਦੇ ਕੂੜੇ ਚੁੱਕਣ ਲਈ ਤੁਸੀਂ ਸਾਡੇ ਨਾਲ ਰਜਿੱਸਟਰ ਨਹੀਂ ਹੋਏ ਤਾਂ ਕਿਰਪਾ ਕਰਕੇ ਇਸ ਦੀ ਖਾਦ ਬਣਾਉਣ ਬਾਰੇ ਸੋਚੋ, ਜਾਂ ਸਾਡੇ ਰੀਸਾਈਕਲਿੰਗ ਸੈਂਟਰ ਖੁੱਲ੍ਹਣ ਦੀ ਉਡੀਕ ਕਰੋ।<br><br>**ਹੋਰ ਜਾਣਕਾਰੀ ਲਈ ਇੱਥੇ ਜਾਓ:**<br>https://www.birmingham.gov.uk/info/50231/coronavirus_covid-19/2089/bins_rubbish_and_recycling<br><br>**ਜਨਮ, ਮੌਤ ਅਤੇ ਵਿਆਹ:** ਇਨ੍ਹਾਂ ਪਾਬੰਦੀਆਂ ਦੌਰਾਨ ਬੱਚਿਆਂ ਦੇ ਜਨਮ ਦਰਜ ਕਰਾਉਣ, ਜਾਂ ਵਿਆਹ ਜਾਂ ਸਿਵਿਲ ਮੈਰਿਜ ਦੇ ਨੋਟਿਸ ਦੇਣ ਜਾਂ ਅਜਿਹੇ ਹੋਰ ਸਮਾਗਮਾਂ ਲਈ ਕੋਈ ਅਪੋਇੰਟਮੈਂਟ ਨਹੀਂ ਦਿੱਤੀ ਜਾਵੇਗੀ। ਜਿਨ੍ਹਾਂ ਨੇ ਪਹਿਲਾਂ ਬੁਕਿੰਗ ਕਰਾਈ ਸੀ, ਉਨ੍ਹਾਂ ਨੂੰ ਵੀ ਪਾਬੰਦੀਆਂ ਹਟਣ ਤੋਂ ਬਾਅਦ ਦੁਬਾਰਾ ਬੁਕਿੰਗ ਕਰਾਉਣੀ ਪਵੇਗੀ।<br><br>ਬੱਚੇ ਦਾ ਜਨਮ ਰਜਿਸਟਰ ਕਰਾਉਣ ਤੋਂ ਬਿਨਾ ਹੀ ਹੁਣ ਮਾਪੇ ਚਾਈਲਡ ਬੈਨਿਫਿਟ ਅਤੇ ਯੂਨੀਵਰਸਲ ਕਰੈਡਿਟ ਵਾਸਤੇ ਕਲੇਮ ਕਰ ਸਕਦੇ ਹਨ, ਜਿਹੜਾ ਕਿ ਪਹਿਲਾਂ ਨਹੀਂ ਸੀ ਹੋ ਸਕਦਾ।<br><br>**ਮੌਤ ਰਜਿਸਟਰ ਕਰਾਉਣਾ:** ਕੋਵਿਡ-19 ਸੰਬੰਧੀ ਨਵੇਂ ਹੰਗਾਮੀ ਕਾਨੂੰਨ ਅਨੁਸਾਰ ਮੌਤਾਂ ਰਜਿਸਟਰ ਕਰਾਉਣ ਲਈ ਨਵੀਂ ਕਾਰਜਵਿਧੀ ਲਾਗੂ ਕੀਤੀ ਗਈ ਹੈ। ਹੁਣ ਮੌਤ ਦੀ ਜਾਣਕਾਰੀ ਕਿਸੇ ਵਾਰਸ ਦੀ ਬਜਾਏ, ਕਿਸੇ ਨਾਮਜ਼ਦ ਕੀਤੇ |

| | |
|---|---|
| **ਮੁੱਖ ਸੁਨੇਹਾ ਨੰਬਰ 3** | ਗਏ ਇਨਸਾਨ ਰਾਹੀਂ ਔਨਲਾਈਨ ਦਿੱਤੀ ਜਾ ਸਕਦੀ ਹੈ।<br><br>ਹੁਣ ਇਹ ਕਾਨੂੰਨ ਵੀ ਪਾਸ ਕੀਤਾ ਗਿਆ ਹੈ ਕਿ ਮੌਤ ਦੀ ਰਜਿਸਟਰੇਸ਼ਨ ਟੈਲੀਫ਼ੋਨ ਰਾਹੀਂ ਵੀ ਕੀਤੀ ਜਾ ਸਕਦੀ ਹੈ। ਮੌਤ ਦੇ ਸਾਰੇ ਡਾਕਟਰੀ ਕਾਰਨਾਂ ਦੇ ਸਰਟੀਫੀਕੇਟ, ਹਸਪਤਾਲ ਜਾਂ ਡਾਕਟਰ ਵਲੋਂ ਭਰੇ, ਦਸਖ਼ਤ ਕੀਤੇ ਅਤੇ ਸਕੈਨ ਕਰਕੇ ਮੌਤ ਸੰਬੰਧੀ ਦਫ਼ਤਰ ਨੂੰ ਭੇਜੇ ਜਾਣੇ ਚਾਹੀਦੇ ਹਨ। ਇਨ੍ਹਾਂ ਦੇ ਸਾਡੇ ਕੋਲ ਆਉਣ ਤੋਂ ਬਾਅਦ ਮੌਤ ਦਰਜ ਕਰਾਉਣ ਵਾਲੇ ਇਨਸਾਨ ਨੂੰ ਆਪਣਾ ਵੇਰਵਾ ਦੇਣ ਲਈ ਸਾਡਾ ਔਨਲਾਈਨ ਫ਼ੌਰਮ ਵਰਤਣਾ ਚਾਹੀਦਾ ਹੈ। ਫੇਰ ਉਨ੍ਹਾਂ ਨਾਲ ਟੈਲੀਫ਼ੋਨ ਰਾਹੀਂ ਸੰਪਰਕ ਕਰਕੇ ਜਲਦੀ ਹੀ ਰਜਿਸਟਰੇਸ਼ਨ ਪੂਰੀ ਕੀਤੀ ਜਾਵੇਗੀ।<br><br>ਜੇ ਕਿਸੇ ਨੂੰ ਧਾਰਮਿਕ ਤੌਰ 'ਤੇ ਜਲਦੀ ਰਜਿਸਟਰੇਸ਼ਨ ਚਾਹੀਦੀ ਹੋਵੇ ਤਾਂ ਉਸ ਨੂੰ ਆਪਣੇ ਫਿਊਨਰਲ ਡਾਇਰੈਕਟਰ ਨਾਲ ਗੱਲ ਕਰਨੀ ਚਾਹੀਦੀ ਹੈ, ਜਿਹੜੇ ਰਜਿਸਟਰ ਔਫ਼ਿਸ ਨੂੰ ਈਮੇਲ ਕਰ ਸਕਦੇ ਹਨ ਜਿਹੜੀ 'ਜ਼ਰੂਰੀ ਧਾਰਮਿਕ ਦਫਨ' ਦੇ ਤੌਰ 'ਤੇ ਮਾਰਕ ਕੀਤੀ ਗਈ ਹੋਵੇ।<br>ਰਜਿਸਟਰੇਸ਼ਨ ਸਰਵਿਸ ਨਾਲ ਸੰਪਰਕ ਕਰਨ ਦਾ ਜ਼ਰੂਰੀ ਵੇਰਵਾ<br>Email: RORegistrations@birmingham.gov.uk<br>Phone: **0121 303 1399**<br><br>ਕੋਵਿਡ-19 ਕਾਰਨ **ਮੌਤ ਬਾਰੇ ਰਜਿਸਟਰੇਸ਼ਨ ਅਤੇ ਸੇਵਾਵਾਂ ਸੰਬੰਧੀ ਤਬਦੀਲੀਆਂ ਦੇ ਵੇਰਵੇ ਲਈ** ਇੱਥੇ ਜਾਓ: www.birmingham.gov.uk/news/article/570/update_to_registration_and_bereavement_services<br>**ਮੌਤ ਦੇ ਸਰਟੀਫੀਕੇਟ ਦੀ ਮੰਗ ਕਰਨਾ:** ਕੋਵਿਡ-19 ਸੰਬੰਧੀ ਇਸ ਮਹੌਲ ਵਿੱਚ ਮੌਤਾਂ ਨੂੰ ਰਜਿਸਟਰ ਕਰਨ ਦੇ ਤਰੀਕੇ ਵਿੱਚ ਤਬਦੀਲੀ ਹੋ ਚੁੱਕੀ ਹੈ।<br>ਰਜਿਸਟਰਾਰ ਵਲੋਂ ਟੈਲੀਫੋਨ ਆਉਣ ਤੱਕ ਅਤੇ ਮੌਤ ਰਜਿਸਟਰ ਹੋਣ ਤੋਂ ਪਹਿਲਾਂ ਤੁਸੀਂ ਮੌਤ ਦੇ ਸਰਟੀਫੀਕੇਟ ਵਾਸਤੇ ਦਰਖ਼ਾਸਤ ਨਹੀਂ ਦੇ ਸਕਦੇ।<br><br>**ਤਾਜ਼ੀ ਜਾਣਕਾਰੀ ਲਈ ਇੱਥੇ ਜਾਓ:**<br>https://www.birmingham.gov.uk/info/50038/certificates/746/order_a_copy_of_a_death_certificate<br>**ਸੰਸਕਾਰ ਉੱਤੇ ਲੋਕਾਂ ਦਾ ਇਕੱਠ ਅਤੇ ਫਿਲਮ ਬਣਾਉਣਾ:** ਇਸ ਹੰਗਾਮੀ ਹਾਲਤ ਵਿੱਚ ਅਤੇ ਸਮਾਜੀ ਵਕਫ਼ਾ ਰੱਖਣ ਸੰਬੰਧੀ ਸਰਕਾਰੀ ਹਿਦਾਇਤਾਂ ਅਨੁਸਾਰ **ਸਾਰੇ** ਸੰਸਕਾਰਾਂ ਦੀਆਂ ਆਖ਼ਰੀ ਰਸਮਾਂ ਵੇਲੇ (ਦਫਨਾਉਣ ਜਾਂ ਅਗਨ ਭੇਟ ਵੇਲੇ) ਕੇਵਲ **ਛੇ** ਲੋਕ ਹੀ ਇਕੱਠੇ ਹੋ ਸਕਦੇ ਹਨ, ਜਿਹੜੇ ਕੇਵਲ ਨਜ਼ਦੀਕੀ ਰਿਸ਼ਤੇਦਾਰ ਹੀ ਹੋ ਸਕਦੇ ਹਨ।<br><br>ਸਾਡੇ ਸਾਰੇ ਸ਼ਮਸ਼ਾਨ ਘਾਟਾਂ ਵਿੱਚ ਖ਼ਤਰਿਆਂ ਸੰਬੰਧੀ ਲਏ ਜਾਇਜ਼ਿਆਂ ਅਨੁਸਾਰ ਇਹ ਸਮਝਿਆ ਗਿਆ ਹੈ ਕਿ ਅਫਸੋਸ ਕਰਨ ਵਾਲਿਆਂ ਅਤੇ ਸੰਸਕਾਰ ਦੀ ਰਸਮ ਅਦਾ ਕਰਨ ਵਾਲੇ ਕਰਮਚਾਰੀਆਂ ਦੇ ਬਚਾਓ ਵਾਸਤੇ ਛੇ ਲੋਕਾਂ ਦਾ ਹਾਜ਼ਰ ਹੋਣਾ ਹੀ ਜਾਇਜ਼ ਹੈ।<br><br>ਇਹ ਸਾਰਾ ਪ੍ਰੋਗਰਾਮ ਵੱਧ ਤੋਂ ਵੱਧ 30 ਮਿੰਟਾਂ ਦਾ ਹੋਵੇਗਾ ਅਤੇ ਫਿਊਨਰਲ ਡਾਇਰੈਕਟਰ ਸਮਾਜੀ ਵਕਫ਼ਾ ਰੱਖਣ ਦੇ ਅਸੂਲਾਂ ਬਾਰੇ ਤੁਹਾਡੀ ਸਹਾਇਤਾ ਕਰਨ ਸਕਣਗੇ।<br><br>ਕੋਵਿਡ-19 ਵਾਲੇ ਕਿਸੇ ਵੀ ਮਰੀਜ਼ ਨੂੰ ਸੰਸਕਾਰ ਦੇ ਮੌਕੇ ਹਾਜ਼ਰ ਹੋਣ ਦੀ ਆਗਿਆ ਨਹੀਂ ਹੋਵੇਗੀ, ਬਸ਼ਰਤਿ ਕਿ ਉਹ ਪੂਰੀ ਤਰ੍ਹਾਂ ਸਿਹਤਯਾਬ ਹੋ ਗਏ ਹੋਣ। ਹੋਰ ਜਾਨਾਂ ਬਚਾਉਣ ਲਈ ਇਹ ਕਾਰਵਾਈ ਬਹੁਤ ਹੀ ਜ਼ਰੂਰੀ ਹੈ।<br><br>ਜੇਕਰ ਫਿਊਨਰਲ ਡਾਇਰੈਕਟਰਾਂ ਰਾਹੀਂ ਪਹਿਲਾਂ ਹੀ ਫਿਲਮ ਬਣਾਉਣ ਦੀ ਆਗਿਆ ਲਈ ਗਈ ਹੋਵੇ ਤਾਂ ਕਾਉਂਸਿਲ ਤੁਹਾਨੂੰ ਦਫ਼ਨ ਦੀ ਫਿਲਮ ਬਣਾਉਣ ਦੇ ਸਕਦੀ ਹੈ(ਲਾਈਵ ਫੇਸਬੁੱਕ ਸਿਸਟਮ ਦੀ ਵਰਤੋਂ ਰਾਹੀਂ)।<br><br>ਬਰਮਿੰਘਮ ਸਿਟੀ ਕਾਉਂਸਿਲ ਇਹ ਯਕੀਨੀ ਬਣਾਏਗੀ ਕਿ ਸੰਸਕਾਰ ਦੀਆਂ ਆਖ਼ਰੀ ਰਸਮਾਂ ਤੁਹਾਡੇ ਧਰਮ ਅਨੁਸਾਰ ਮੰਗ ਦੇ ਅਨੁਕੂਲ ਹੀ ਕੀਤੀਆਂ ਜਾਣ।<br><br>ਜਦੋਂ ਦਾਹ ਸੰਸਕਾਰ ਦੀ ਰਸਮ ਜਾਰੀ ਹੋਵੇ ਉਦੋਂ ਬਰਮਿੰਘਮ ਦੇ ਸਾਰੇ ਸ਼ਮਸ਼ਾਨ ਘਾਟਾਂ ਅਤੇ ਦਾਹ ਸੰਸਕਾਰਾਂ ਦੀਆਂ ਥਾਵਾਂ ਵਿੱਚ ਆਮ ਪਬਲਿਕ ਦੇ ਆਉਣ ਦੀ ਮਨਾਹੀ ਹੋਵੇਗੀ। ਪਰ ਸੰਸਕਾਰ ਦੀ ਕਾਰਵਾਈ ਖ਼ਤਮ ਹੋਣ ਤੋਂ ਬਾਅਦ ਸ਼ਮਸ਼ਾਨ ਘਾਟ ਪਬਲਿਕ ਲਈ ਕਬਰਾਂ ਦੇਖਣ ਅਤੇ ਉਨ੍ਹਾਂ ਉੱਤੇ ਫੁੱਲ ਚੜ੍ਹਾਉਣ ਲਈ ਖੋਲ੍ਹ ਦਿੱਤੇ ਜਾਇਆ ਕਰਨਗੇ। ਹਰ ਸ਼ਮਸ਼ਾਨ ਘਾਟ ਦੇ ਖੁੱਲ੍ਹਣ ਦੇ ਸਮੇਂ ਨਵੇਂ ਦਫ਼ਨ ਸੰਸਕਾਰਾਂ ਅਨੁਸਾਰ ਵੱਖੋ ਵੱਖ ਹੋ ਸਕਦੇ ਹਨ। |

| | |
|---|---|
| **ਮੁੱਖ ਸੁਨੇਹਾ ਨੰਬਰ 3** | **ਹਰ ਸ਼ਮਸ਼ਾਨ ਘਾਟ ਦੇ ਖੁੱਲ੍ਹਣ ਦੇ ਸਮੇਂ ਜਾਨਣ ਲਈ ਬਰਮਿੰਘਮ ਸਿਟੀ ਕਾਉਂਸਿਲ ਵੈੱਬਸਾਈਟ ਉੱਤੇ ਜਾਓ:** https://www.birmingham.gov.uk/info/20210/deaths/381/find_a_cemetery_or_crematorium<br><br>**ਅਸਤਾਂ ਨੂੰ ਦਫਨਾਉਣਾ ਜਾਂ ਸਵਾਹ ਨੂੰ ਖਿਲਾਰਨਾ:** ਅਸਤਾਂ ਨੂੰ ਦਫਨਾਉਣ ਅਤੇ ਸਵਾਹ ਖਿਲਾਰਨ ਲਈ ਹੋਰ ਕੋਈ ਬੁਕਿੰਗ ਨਹੀਂ ਕੀਤੀ ਜਾ ਸਕੇਗੀ। ਇਸ ਰਸਮ ਨੂੰ ਅੱਗੇ ਪਾਉਣ ਲਈ ਪਹਿਲਾਂ ਹੀ ਪਰਿਵਾਰ ਅਤੇ/ਜਾਂ ਫਿਊਨਰਲ ਡਾਇਰੈਟਰਾਂ ਨਾਲ ਇਹ ਸਾਰੀ ਗੱਲਬਾਤ ਤੈਅ ਕੀਤੀ ਜਾਵੇਗੀ।<br>ਇਸ ਸਮੇਂ ਦੌਰਾਨ ਸ਼ਮਸ਼ਾਨ ਘਾਟ ਵਿੱਚ ਅਸਤਾਂ ਨੂੰ ਰੱਖਣ ਦਾ ਕੋਈ ਕਿਰਾਇਆ ਨਹੀਂ ਲਿਆ ਜਾਵੇਗਾ। ਜੇ ਕਰ ਉੱਥੇ ਮੁਨਾਸਬ ਜਗ੍ਹਾ ਦੀ ਘਾਟ ਹੋਵੇ ਤਾਂ ਬਰਮਿੰਘਮ ਸਿਟੀ ਕਾਉਂਸਿਲ ਕਿਸੇ ਹੋਰ ਜਗ੍ਹਾ ਦਾ ਪ੍ਰਬੰਧ ਕਰੇਗੀ।<br><br>**ਘਰਾਂ ਦਾ ਪ੍ਰਬੰਧ:** ਸਾਡੇ ਹਾਉਸਿੰਗ ਔਪਸ਼ਨਜ਼ ਸੈਂਟਰ ਵਲੋਂ ਘਰਾਂ ਬਾਰੇ ਸਲਾਹ ਹੁਣ ਟੈਲੀਫੋਨ ਰਾਹੀਂ ਹੀ ਦਿੱਤੀ ਜਾਂਦੀ ਹੈ। ਜੇ ਤੁਹਾਡੇ ਰਹਿਣ ਲਈ ਕੋਈ ਸੁਰੱਖਿਅਤ ਥਾਂ ਹੈ ਤਾਂ ਕਿਰਪਾ ਕਰਕੇ ਉੱਥੇ ਹੀ ਟਿਕੇ ਰਹੋ। ਪਰ ਜੇ ਤੁਹਾਨੂੰ ਕਿਸੇ ਸਲਾਹ ਦੀ ਲੋੜ ਹੋਵੇ ਜਾਂ ਤੁਹਾਡਾ ਘਰ ਖੁਸਣ ਵਾਲਾ ਹੋਵੇ, ਤਾਂ ਕਿਰਪਾ ਕਰਕੇ 0121 675 5779 ਉੱਤੇ ਫੋਨ ਕਰੋ।<br><br>ਸਿਟੀ ਕਾਉਂਸਿਲ ਦੇ ਖਰਚੇ ਉੱਤੇ **ਬਰਮਿੰਘਮ ਐਂਡ ਸੋਲਿਹਲ ਵਿਮੈੱਨਜ਼ ਏਡ** ਵਲੋਂ ਚਲਾਈ ਜਾ ਰਹੀ ਸੇਵਾ **'ਦ ਡੁਮੈਸਟਿਕ ਐਬਿਊਜ਼ ਹੱਬ** ਉਨ੍ਹਾਂ ਔਰਤਾਂ ਵਾਸਤੇ ਖੁੱਲ੍ਹੀ ਹੈ ਜਿਨ੍ਹਾਂ ਨੂੰ ਘਰੇਲੂ ਝਗੜਿਆਂ ਕਾਰਨ ਘਰੋਂ ਬੇਘਰ ਹੋਣ ਦਾ ਖ਼ਤਰਾ ਹੈ – ਉਹ **0808 169 9604** ਨੰਬਰ ਦੀ ਟੈਲੀਫ਼ੋਨ ਸੇਵਾ ਰਾਹੀਂ ਵੀ ਸਹਾਇਤਾ ਦੇ ਰਹੇ ਹਨ।<br><br>ਜੇ ਤੁਸੀਂ ਘਰੇਲੂ ਝਗੜੇ ਦਾ ਸ਼ਿਕਾਰ ਹੋ ਅਤੇ ਤੁਹਾਨੂੰ ਸਹਾਇਤਾ ਅਤੇ ਸਲਾਹ ਦੀ ਲੋੜ ਹੈ ਤਾਂ ਕਿਰਪਾ ਕਰਕੇ ਬੀ ਐਸ ਡਬਲਯੂ ਏ ਆਈ ਡੀ ਹੈਲਪਲਾਈਨ **0808 800 0028** ਨਾਲ ਸੰਪਰਕ ਕਰੋ।<br><br>ਜਦੋਂ ਦਫ਼ਤਰ ਬੰਦ ਹੋਣ ਤਾਂ 24 ਘੰਟੇ ਖੁੱਲ੍ਹੀ ਵਿਮੈੱਨ'ਜ਼ ਏਡ ਹੈਲਪਲਾਈਨ **0808 200 0247** ਨੂੰ ਸਹਾਇਤਾ ਵਾਸਤੇ ਫ਼ੋਨ ਕਰੋ। ਤੁਸੀਂ ਇਕੱਲੇ ਨਹੀਂ ਹੋ।<br><br>ਬਰਮਿੰਘਮ ਅਤੇ ਵੈਸਟ ਮਿਡਲੈਂਡਜ਼ ਵਿੱਚ ਸਹਾਇਤਾ ਲੈਣ ਲਈ ਹੋਰ ਜਾਣਕਾਰੀ ਇੱਥੋਂ ਮਿਲ ਸਕਦੀ ਹੈ: https://www.westmidlands-pcc.gov.uk/no-excuse-for-abuse/<br><br>ਸੇਂਟ ਬਾਸਿਲ'ਜ਼ ਵਲੋਂ ਚਲਾਇਆ ਗਿਆ **'ਦ ਯੂਥ ਹੱਬ** ਹੁਣ ਥੋੜੇ ਸਮੇਂ ਲਈ ਜਾਂ ਹੰਗਾਮੀ ਹਾਲਤ ਵਾਸਤੇ ਚਲਾਇਆ ਜਾਂਦਾ ਹੈ।<br><br>**ਜੇ ਤੁਹਾਨੂੰ ਕਿਸੇ ਬੇਘਰੇ ਬਾਰੇ ਫ਼ਿਕਰ ਹੈ ਤਾਂ ਕਰਕੇ ਸਟਰੀਟ ਲਿੰਕ ਨੂੰ ਇੱਥੇ ਦੱਸੋ–** www.streetlink.org.uk. ਸਾਡੇ ਵਲੋਂ ਫੰਡ ਕੀਤੀ ਗਈ ਸੰਸਥਾ ਟਰਾਈਡੈਂਟ ਰੀਚ ਕੋਲ ਬਾਹਰ ਸੌਣ ਵਾਲੇ ਲੋਕਾਂ ਨੂੰ ਰੱਖਣ ਦੀ ਸਮਰਥਾ ਹੈ।<br><br>**ਘਰਾਂ ਦਾ ਪ੍ਰਬੰਧ-ਮੁਰੰਮਤਾਂ ਅਤੇ ਸਾਂਭ ਸੰਭਾਲ:** ਜੇ ਤੁਸੀਂ ਕਾਉਂਸਿਲ ਦੇ ਕਿਰਾਏਦਾਰ ਹੋ ਤਾਂ ਸਾਡੀ ਘਰਾਂ ਦੀ ਮੁਰੰਮਤ ਕਰਨ ਵਾਲੀ ਸੇਵਾ ਚਾਲੂ ਹੈ – ਇਹ ਕੇਵਲ ਹੰਗਾਮੀ ਜਾਂ ਬਹੁਤ ਜ਼ਰੂਰੀ ਮੁਰੰਮਤ ਹੀ ਕਰਦੀ ਹੈ। ਕਿਰਪਾ ਕਰਕੇ ਕਿਸੇ ਵੀ ਮੁਰੰਮਤ ਲਈ ਪਹਿਲਾਂ ਵਾਂਗ ਹੀ ਇਨ੍ਹਾਂ ਨੂੰ ਰਿਪੋਰਟ ਕਰੋ।<br><br>**ਨੇਬਰਹੁੱਡ ਸਲਾਹ ਸੇਵਾਵਾਂ:** ਅਰਡਿੰਗਟਨ ਅਤੇ ਨੌਰਥਫੀਲਡ ਦੇ ਅਡਵਾਈਸ ਸੈਂਟਰ ਹੁਣ ਬੰਦ ਹਨ, ਪਰ ਟੈਲੀਫੋਨ ਸੇਵਾ ਜਾਰੀ ਹੈ। ਕਿਰਪਾ ਕਰਕੇ ਕਾਉਂਸਿਲ ਦੇ ਕੌਰਪੋਰੇਟ ਕੌਂਟੈਕਟ ਸੈਂਟਰ ਨੂੰ **0121 216 3030** 'ਤੇ ਫੋਨ ਕਰੋ।<br><br>ਬੈਨਿਫਿਟ ਅਤੇ ਕਰਜ਼ਿਆਂ ਬਾਰੇ ਸਲਾਹ ਵਾਸਤੇ ਹੋਰ ਫ਼ਾਇਦੇਮੰਦ ਨੰਬਰ ਇਹ ਹਨ:<br>**ਸਿਟੀਜ਼ਨ ਐਡਵਾਈਸ ਬਰਮਿੰਘਮ – 03444 77 10 10** or visit www.bcabs.org.uk<br>**ਬਰਮਿੰਘਮ ਸੈਟਲਮੈਂਟ – 0121 250 0765** or email moneyadvice@bsettlement.org.uk<br><br>**ਸਕੂਲ ਅਤੇ ਬੱਚਿਆਂ ਦੀ ਸੰਭਾਲ:** ਕੁੱਝ ਖ਼ਾਸ ਕਿਸਮ ਦੇ ਬੱਚਿਆਂ ਨੂੰ ਛੱਡ ਕੇ ਬਾਕੀ ਸਾਰੇ ਬੱਚਿਆਂ ਦੇ ਸਕੂਲ ਬੰਦ ਹਨ – ਇਨ੍ਹਾਂ ਵਿੱਚ ਸੋਸ਼ਲ ਵਰਕਰਾਂ ਦੀ ਦੇਖਰੇਖ ਵਾਲੇ ਬੱਚੇ ਜਾਂ ਜਿਨ੍ਹਾਂ ਬੱਚਿਆਂ ਦੇ ਮਾਪੇ ਖ਼ਾਸ 'ਕੀ ਵਰਕਰ' ਹਨ ਅਤੇ ਜਿਹੜੇ ਇਕੱਲੇ ਘਰ ਨਹੀਂ ਰਹਿ ਸਕਦੇ, ਜਾਂ ਜਿਨ੍ਹਾਂ ਬੱਚਿਆਂ ਦੀ ਪੜ੍ਹਾਈ, ਸਿਹਤ ਜਾਂ ਦੇਖਰੇਖ ਦੀਆਂ ਖ਼ਾਸ ਲੋੜਾਂ ਹਨ, ਵੀ ਸ਼ਾਮਲ ਹਨ।<br><br>**ਲਾਇਬਰੇਰੀਆਂ:** ਅਗਲੇ ਨੋਟਿਸ ਤੱਕ ਸਡੀਆਂ ਸਾਰੀਆਂ ਲਾਇਬਰੇਰੀਆਂ ਬੰਦ ਹਨ। 1 ਫਰਵਰੀ 2020 ਤੋਂ |

**ਮੁੱਖ ਸੁਨੇਹਾ ਨੰਬਰ 3**

ਬਾਅਦ ਲਈਆਂ ਗਈਆਂ ਕਿਤਾਬਾਂ ਉੱਤੇ ਤੁਹਾਨੂੰ ਕੋਈ ਜੁਰਮਾਨਾ ਨਹੀਂ ਲੱਗੇਗਾ।

ਲਾਇਬਰੇਰੀ ਮੈਂਬਰ ਈਬੁੱਕਸ ਇੱਥੇ ਲੈ ਸਕਦੇ ਹਨ eBooks through the council's website.

ਘਰਾਂ ਵਿੱਚ ਕਿਤਾਬਾਂ ਪਹੁੰਚਾਉਣ ਅਤੇ ਮੋਬਾਈਲ ਲਾਇਬਰੇਰੀ ਸਰਵਿਸ ਹਾਲੇ ਬੰਦ ਹਨ।

**ਕਾਊਂਸਿਲ ਟੈਕਸ:** ਕੋਵਿਡ-19 ਕਾਰਨ ਜਿਨ੍ਹਾਂ ਲੋਕਾਂ ਨੂੰ ਪੈਸੇ ਦੀਆਂ ਮੁਸ਼ਕਲਾਂ ਪੇਸ਼ ਆਈਆਂ ਹਨ, ਉਨ੍ਹਾਂ ਨੂੰ ਕਾਊਂਸਿਲ ਟੈਕਸ ਤਾਰਨ ਲਈ ਕੁੱਝ ਮੱਦਦ ਮਿਲ ਸਕਦੀ ਹੈ ਜਿਸ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਵਿੱਚ ਕਾਊਂਸਿਲ ਟੈਕਸ ਸੁਪੋਰਟ ਅਤੇ ਕਾਊਂਸਿਲ ਟੈਕਸ ਡਿਸਕਰੈਸ਼ਨਰੀ ਹਾਰਡਸ਼ਿਪ ਫ਼ੰਡ ਸ਼ਾਮਲ ਹਨ। ਜੇਕਰ ਫੇਰ ਵੀ ਕਈ ਲੋਕ ਟੈਕਸ ਦੇਣ ਲਈ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ, ਤਾਂ ਉਹ ਕਾਊਂਸਿਲ ਨਾਲ ਸੰਪਰਕ ਕਰਕੇ ਮਹੀਨਾਵਾਰ ਟੈਕਸ ਦੇਣ ਵਾਲੇ 10 ਮਹੀਨੇ ਦੇ ਲਚਕਦਾਰ ਪਲੈਨ ਦਾ ਪ੍ਰਬੰਧ ਕਰ ਸਕਦੇ ਹਨ।
**ਕਾਊਂਸਿਲ ਟੈਕਸ ਹਾਰਡਸ਼ਿਪ ਫ਼ੰਡ:** ਪਿਛਲੇ ਮਹੀਨੇ ਸਰਕਾਰ ਨੇ ਕਾਊਂਸਿਲ ਟੈਕਸ ਹਾਰਡਸ਼ਿਪ ਫ਼ੰਡ ਦਾ ਐਲਾਨ ਕੀਤਾ ਸੀ ਜਿਸ ਅਧੀਨ ਬਰਮਿੰਘਮ ਨੂੰ 17.4 ਮਿਲੀਅਨ ਪਾਊਂਡ ਦਾ ਫ਼ੰਡ ਦਿੱਤਾ ਹੈ। ਇਸ ਨਾਲ ਉਨ੍ਹਾਂ ਲੋਕਾਂ ਨੂੰ ਤਕਰੀਬਨ 150 ਪਾਊਂਡ ਤੱਕ ਦੀ ਹੋਰ ਟੈਕਸ ਛੋਟ ਆਪਣੇ ਆਪ ਹੀ ਮਿਲ ਜਾਵੇਗੀ ਜਿਹੜੇ ਕੰਮ ਕਰਨ ਦੀ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ ਪਹਿਲਾਂ ਹੀ ਕਾਊਂਸਿਲ ਟੈਕਸ ਸੁਪੋਰਟ ਮਿਲ ਰਹੀ ਹੈ। ਇਹ ਪਹਿਲਾਂ ਜਾਰੀ ਕਲੇਮਾਂ ਉੱਤੇ ਆਪਣੇ ਆਪ ਹੀ ਲਾਗੂ ਹੋ ਜਾਵੇਗਾ ਅਤੇ ਜਲਦੀ ਹੀ ਇਸ ਬਾਰੇ ਹੋਰ ਵੇਰਵਾ ਕਾਊਂਸਿਲ ਦੀ ਵੈੱਬਸਾਈਟ ਉੱਤੇ ਪਾਇਆ ਜਾਵੇਗਾ।

**ਯੂਨੀਵਰਸਲ ਕਰੈਡਿਟ:** ਯੂਨੀਵਰਸਲ ਕਰੈਡਿਟ ਡਿਪਾਰਟਮੈਂਟ ਔਫ਼ ਵਰਕਸ ਐਂਡ ਪੈਨਸ਼ਨਜ਼ ਵਲੋਂ ਚਲਾਇਆ ਜਾਂਦਾ ਹੈ ਅਤੇ ਬਰਮਿੰਘਮ ਸਿਟੀ ਕਉਂਸਿਲ ਵਲੋਂ ਨਹੀਂ। ਇਹ ਮਾਸਕ ਰਕਮ ਹੁੰਦੀ ਹੈ ਜਿਸ ਨਾਲ ਗੁਜ਼ਾਰਾ ਕਰਨ ਵਿੱਚ ਮੱਦਦ ਮਿਲਦੀ ਹੈ। ਜੇ ਤੁਹਾਡੀ ਆਮਦਨ ਘੱਟ ਹੈ ਜਾਂ ਕੰਮ ਨਹੀਂ ਹੈ ਤਾਂ ਇਹ ਤੁਹਾਨੂੰ ਮਿਲ ਸਕਦਾ ਹੈ।

**ਨਾਗਰਿਕਾਂ ਵਾਸਤੇ ਮੱਦਦ:** ਕੋਵਿਡ-19 ਦੌਰਾਨ ਬਰਮਿੰਘਮ ਸਿਟੀ ਕਾਊਂਸਿਲ ਨੇ ਆਪਣੀ ਵੈੱਬਸਾਈਟ ਉੱਤੇ ਨਾਗਰਿਕਾਂ ਲਈ ਉਪਲਬਧ ਮੱਦਦ ਖੋਲ੍ਹੀ ਹੈ ਜਿਸ ਵਿੱਚ ਫਰਲੋ ਪ੍ਰੋਗਰਾਮ, ਕਾਊਂਸਿਲ ਟੈਕਸ ਅਤੇ ਬੈਨਿਫਿਟਾਂ ਬਾਰੇ ਦੱਸਿਆ ਗਿਆ ਹੈ।
**ਨਾਗਰਿਕਾਂ ਵਾਸਤੇ ਮੱਦਦ ਬਾਰੇ ਪੂਰੀ ਜਾਣਕਾਰੀ ਲਈ ਇੱਥੇ ਜਾਓ:**
https://www.birmingham.gov.uk/info/50233/support_for_residents_during_the_coronavirus_covid-19

**ਆਪਣੇ ਕੰਮ ਦੇ ਆਪ ਮਾਲਕ ਲੋਕ:** ਸੈਲਫ਼ ਐਮਪਲੋਇਮੈਂਟ ਇਨਕਮ ਸੁਪੋਰਟ ਸਕੀਮ ਸਰਕਾਰ ਵਲੋਂ ਐਲਾਨੀ ਗਈ ਹੈ ਜਿਸ ਅਧੀਨ ਆਪਣੇ ਕੰਮ ਦੇ ਉਨ੍ਹਾਂ ਮਾਲਕਾਂ (ਜਿਨ੍ਹਾਂ ਵਿੱਚ ਸਾਂਝੀਦਾਰ ਵੀ ਹਨ) ਨੂੰ ਮੱਦਦ ਦਿੱਤੀ ਜਾਵੇਗੀ ਜਿਨ੍ਹਾਂ ਦਾ ਕੋਵਿਡ-19 ਕਰਕੇ ਆਮਦਨ ਦਾ ਨੁਕਸਾਨ ਹੋਇਆ ਹੈ। ਇਸ ਅਧੀਨ ਤੁਸੀਂ ਆਪਣੇ ਮੁਨਾਫ਼ੇ ਦੀ 80% ਟੈਕਸੇਬਲ ਗਰਾਂਟ ਲੈ ਸਕਦੇ ਹੋ ਅਤੇ ਇਹ ਵੱਧ ਤੋਂ ਵੱਧ 2,500 ਪਾਊਂਡ ਮਹੀਨਾ ਮਿਲ ਸਕਦੀ ਹੈ।

**ਗਵਰਨਮੈਂਟ ਗਰਾਂਟਾਂ:** ਸਰਕਾਰ ਨੇ ਬਰਮਿੰਘਮ ਸਿਟੀ ਕਾਊਂਸਿਲ ਨੂੰ 231 ਮਿਲੀਅਨ ਪਾਊਂਡ ਦਿੱਤੇ ਹਨ ਤਾਂਕਿ ਉਹ ਇਨ੍ਹਾਂ ਫ਼ੰਡਾਂ ਰਾਹੀਂ ਸ਼ਹਿਰ ਦੇ ਤਕਰੀਬਨ 16,000 ਛੋਟੇ ਕਾਰੋਬਾਰਾਂ ਨੂੰ ਮੱਦਦ ਦੇ ਸਕੇ, ਸਮਾਲ ਬਿਜ਼ਨਸ ਗਰਾਂਟ ਫ਼ੰਡ ਜਾਂ ਰੀਟੇਲ, ਹੌਸਪੀਟੈਲਿਟੀ ਐਂਡ ਲੈਯਰ ਗਰਾਂਟ ਫ਼ੰਡ। ਗਰਾਂਟਾਂ ਆਪਣੇ ਆਪ ਹੀ ਮਿਲ ਜਾਣਗੀਆਂ, ਪਰ ਸਾਰਾ ਕੰਮ ਤੇਜ਼ ਕਰਨ ਲਈ ਬਿਜ਼ਨਸ ਵਾਲੇ ਸਾਨੂੰ ਇਹ ਸਬੂਤ ਦੇਣ, ਬੈਂਕ ਸਟੇਟਮੈਂਟਾਂ, ਆਪਣੇ ਬਿਜ਼ਨਿਸ ਅਤੇ ਪਤੇ ਦੇ ਵੇਰਵੇ। ਇਹ ਵੇਰਵੇ ਪੇਸ਼ ਕਰਨ ਤੋਂ 21 ਦਿਨਾਂ ਦੇ ਅੰਦਰ ਪੈਸੇ ਦਿੱਤੇ ਜਾ ਸਕਦੇ ਹਨ।
**ਹੋਰ ਜਾਣਕਾਰੀ ਲਈ ਇੱਥੇ ਜਾਓ:** https://www.gov.uk/coronavirus/business-support

**ਬਿਜ਼ਨਿਸ ਰੇਟ:** ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਰੀਟੇਲ, ਹੌਸਪੀਟੈਲਿਟੀ ਅਤੇ ਲੈਯਰ ਇੰਡਸਟਰੀ ਦੇ ਬਿਜ਼ਨਿਸ ਰੇਟਾਂ ਨੂੰ ਰੀਟੇਲ ਰਿਲੀਫ਼ ਰਾਹੀਂ 100% ਛੋਟ ਦੇਵੇਗੀ ਅਤੇ ਇਸੇ ਤਰ੍ਹਾਂ ਨਰਸਰੀ ਡਿਸਕਾਊਂਟ ਰਾਹੀਂ ਸਾਰੀਆਂ ਰਜਿਸਟਰ ਸ਼ੁਦਾ ਨਰਸਰੀਆਂ ਦੇ ਸਾਲ 2020/2021 ਦੇ ਪੂਰੇ ਰੇਟ ਮੁਆਫ਼ ਕਰ ਦੇਵੇਗੀ। ਕਿਉਂਕਿ ਐਲਾਨ ਤੋਂ ਪਹਿਲਾਂ ਹੀ ਅਸੀਂ ਸਾਲ 2020/2021 ਦੇ ਰੇਟ ਬਿੱਲ ਭੇਜ ਚੁੱਕੇ ਸਾਂ, ਪਰ ਜਦੋਂ ਰਿਲੀਫ਼ ਲਾਗੂ ਹੋ ਗਈ ਤਾਂ ਅਸੀਂ ਨਵੇਂ ਬਿੱਲ ਭੇਜਾਂਗੇ ਜਿਨ੍ਹਾਂ ਉੱਤੇ ਸਿਫ਼ਰ ਬਕਾਇਆ ਰਕਮ ਦਰਸਾਈ ਜਾਵੇਗੀ। ਇਹ ਰਿਲੀਫ਼ ਆਪਣੇ ਆਪ ਹੀ ਲਾਗੂ ਹੋਣ ਦੇ ਪ੍ਰਕਰਣ ਵਿੱਚ ਹੈ ਅਤੇ ਮਈ ਵਿੱਚ ਨਵੇਂ ਬਿੱਲ ਭੇਜੇ ਜਾਣਗੇ।

**ਕਾਰੋਬਾਰਾਂ ਦੀ ਮੱਦਦ:** ਕੋਵਿਡ-19 ਦੌਰਾਨ ਬਰਮਿੰਘਮ ਸਿਟੀ ਕਾਊਂਸਿਲ ਨੇ ਵੈੱਬਸਾਈਟ ਸੁਪੋਰਟ ਅਵੇਲੇਬਲ ਫੌਰ ਬਿਜ਼ਨਸਿਜ਼ ਵਿੱਚ ਇਹ ਪ੍ਰਬੰਧ ਕੀਤਾ ਹੈ, ਜਿਸ ਵਿੱਚ ਸਰਕਾਰ ਦੇ ਫਰਲੋ ਪ੍ਰੋਗਰਾਮ, ਗਰਾਂਟਾਂ ਦੀ ਮੱਦਦ ਅਤੇ ਬਿੱਲ ਦੇਣ ਬਾਰੇ ਜਾਣਕਾਰੀ ਸ਼ਾਮਲ ਹੈ।

| | |
|---|---|
| | **ਹੋਰ ਜਾਣਕਾਰੀ ਲਈ ਇੱਥੇ ਜਾਓ:**<br>https://www.birmingham.gov.uk/info/50232/support_for_businesses<br><br>**ਕਲੀਨ ਏਅਰ ਜ਼ੋਨ:** 23 ਮਾਰਚ, 2020 ਨੂੰ ਵਸੀਮ ਜ਼ਫ਼ਰ ਨੇ ਕੇਂਦਰੀ ਸਰਕਾਰ ਨੂੰ ਲਿਖਿਆ ਸੀ ਕਿ ਬਰਮਿੰਘਮ ਵਿੱਚ ਕਲੀਨ ਏਅਰ ਜ਼ੋਨ ਹਾਲੇ ਲਾਗੂ ਨਾ ਕੀਤਾ ਜਾਵੇ। ਇਹ ਕੋਵਿਡ-19 ਦੇ ਅਸਰ ਕਾਰਨ ਕਿਹਾ ਗਿਆ ਸੀ ਤਾਂਕਿ ਲੋਕਾਂ ਨੂੰ ਹੋਰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਭਾਈਚਾਰੇ ਅਤੇ ਕਾਰੋਬਾਰ ਸੁਰੱਖਿਅਤ ਰਹਿਣ। ਹੁਣ ਡੈਫਰਾ ਨੇ ਇਹ ਬੇਨਤੀ ਮੰਨਜ਼ੂਰ ਕਰ ਲਈ ਹੈ ਅਤੇ ਇਹ ਜ਼ੋਨ 1 ਜਨਵਰੀ 2021 ਤੋਂ ਪਹਿਲਾਂ ਲਾਗੂ ਨਹੀਂ ਕੀਤਾ ਜਾਵੇਗਾ।<br>**ਕਾਉਂਸਿਲ ਦੀ ਤਾਜ਼ਾ ਜਾਣਕਾਰੀ ਇੱਥੇ ਮਿਲ ਸਕਦੀ ਹੈ:**<br>https://www.birmingham.gov.uk/info/50231/coronavirus_covid-19 |